FINDING Your Way®
ਆਓ ਆਪਣਾ ਰਾਹ ਲਭੀਏ

*ਹਰ ਕਦਮ ਕੀਮਤੀ ਹੈ,*
*ਡਿਮੇਨਸ਼ੀਆ ਵਾਲ਼ੇ ਲੋਕਾਂ ਲਈ।*

# ਜਦੋਂ ਡਿਮੇਨਸ਼ੀਆ (dementia) ਵਾਲਾ ਵਿਅਕਤੀ ਲਾਪਤਾ ਹੋ ਜਾਂਦਾ ਹੈ

ਇੱਕ ਡੂੰਘਾ ਸਾਹ ਲਓ ਅਤੇ ਜਿੰਨਾਂ ਸ਼ਾਂਤ ਤੁਸੀਂ ਰਹਿ ਸਕੋ ਰਹਿਣ ਦੀ ਕੋਸ਼ਿਸ਼ ਕਰੋ ਹਾਲਾਂਕਿ ਇਹ ਅਸਾਨ ਨਹੀਂ ਹੈ। ਤੁਸੀਂ ਇਕੱਲੇ ਨਹੀਂ ਹੋ। ਤੁਹਾਡੀ ਸਹਾਇਤਾ ਕਰਨ ਵਾਸਤੇ ਦੂਸਰੇ ਲੋਕ ਮੌਜੂਦ ਹਨ। ਹੇਠਾਂ ਦਿੱਤੀ ਗਈ ਚੈੱਕਲਿਸਟ ਦੀ ਪਾਲਣਾ ਕਰਨਾ ਤੁਹਾਨੂੰ ਡਿਮੇਨਸ਼ੀਆ (dementia) ਵਾਲੇ ਵਿਅਕਤੀ ਨੂੰ ਜਲਦੀ ਅਤੇ ਸੁਰੱਖਿਅਤ ਤਰੀਕੇ ਨਾਲ ਘਰ ਲਿਆਉਣ ਵਿੱਚ ਸਹਾਇਤਾ ਕਰੇਗਾ।

## ਪੁਲਿਸ ਨੂੰ ਬੁਲਾਓ - 911 - ਤਲਾਸ਼ ਐਮਰਜੈਂਸੀ ਹੈ - ਦੇਰ ਨਾ ਕਰੋ!

1. ਪੁਲਿਸ ਨੂੰ ਤੁਰੰਤ ਦਸੋ ਕਿ ਵਿਅਕਤੀ ਨੂੰ ਡਿਮੇਨਸ਼ੀਆ (dementia) ਹੈ।
2. ਇਹ ਸੋਚਣ ਦੀ ਕੋਸ਼ਿਸ਼ ਕਰੋ ਕਿ ਜਦੋਂ ਤੁਸੀਂ ਉਸ ਵਿਅਕਤੀ ਨੂੰ ਆਖਰੀ ਵਾਰ ਦੇਖਿਆ ਸੀ, ਉਸ ਤੋਂ ਬਾਦ ਕਿੰਨਾਂ ਸਮਾਂ ਬੀਤ ਗਿਆ ਹੈ।
3. ਪੁਲਿਸ ਨੂੰ ਹਾਲੀਆ ਫੋਟੋ ਸਮੇਤ – "ਸ਼ਨਾਖਤ ਕਿੱਟ" ਵਿੱਚ ਆਪਣੇ ਦੁਆਰਾ ਇਕੱਠੀ ਕੀਤੀ ਗਈ ਜਾਣਕਾਰੀ ਦਿਓ।
4. ਪੁਲਿਸ ਨੂੰ ਕੋਈ ਵੀ ਮੇਡਿਕਲ ਅਵਸਥਾਵਾਂ ਜਾਂ ਵਿਅਕਤੀ ਦੁਆਰਾ ਲਈਆਂ ਜਾ ਰਹੀਆਂ ਦਵਾਈਆਂ ਬਾਰੇ ਦਸੋ।
5. ਪੁਲਿਸ ਨੂੰ ਦਸੋ ਕਿ ਤੁਹਾਡੇ ਖਿਆਲ ਵਿੱਚ ਵਿਅਕਤੀ ਦੀ ਕਿਥੇ ਜਾਣ ਦੀ ਸੰਭਾਵਨਾ ਹੋ ਸਕਦੀ ਹੈ।
6. ਉਨ੍ਹਾਂ ਨੂੰ ਦਸੋ ਜੇ ਵਿਅਕਤੀ ਨੂੰ ਕਿਸੇ ਰਜਿਸਟਰੀ ਪ੍ਰੋਗਰਾਮ ਜਿਵੇਂ ਕਿ ਮੈਡਿਕ ਅਲਰਟ ਸੇਫਲੀ ਹੋਮ (MedicAlert® Safely Home®), ਪ੍ਰੋਜੈਕਟ ਲਾਇਫਸੇਵਰ (Project Lifesaver®) ਦੇ ਨਾਲ ਰਜਿਸਟਰ ਕੀਤਾ ਗਿਆ ਹੈ ਜਾਂ ਉਨ੍ਹਾਂ ਉੱਤੇ ਕੋਈ ਪਛਾਣ ਕਰਨ ਵਾਲੀਆਂ / ਪਤਾ ਲਗਾਉਣ ਵਾਲੀਆਂ ਸੰਦਾਂ ਹਨ।

## ਸਹਾਇਤਾ ਸੰਗਠਤ ਕਰੋ

1. ਸੁਨਿਸ਼ਚਤ ਕਰੋ ਕਿ ਕੋਈ ਘਰ ਰਹੇ, ਜੇਕਰ ਵਿਅਕਤੀ ਆਪਣੇ ਆਪ ਹੀ ਘਰ ਵਾਪਸ ਆ ਜਾਂਦਾ ਹੈ।

2. ਦੋਸਤਾਂ,ਪਰਵਾਰ ਅਤੇ ਗੁਆਂਢੀਆਂ ਨੂੰ ਸਾਵਧਾਨ ਕਰੋ ਕਿ ਵਿਅਕਤੀ ਲਾਪਤਾ ਹੈ।
3. ਜੇ ਵਿਅਕਤੀ ਕੋਲ ਵਾਹਨ ਹੈ, ਪੁਲਿਸ ਨੂੰ ਵਾਹਨ ਦੀ ਜਾਣਕਾਰੀ ਦਿਓ (ਲਾਈਸੈਂਸ ਪਲੇਟ ਨੰਬਰ, ਕਾਰ ਦਾ ਮਾਡਲ ਅਤੇ ਕਿਸਮ,ਅਤੇ ਰੰਗ)।
4. ਜੇ ਕ੍ਰੈਡਿਟ ਕਾਰਡ ਵਰਤੇ ਜਾਣ ਦੀ ਸੰਭਾਵਨਾ ਹੈ, ਕ੍ਰੈਡਿਟ ਕਾਰਡ ਕੰਪਨੀਆਂ ਨੂੰ ਇਹ ਦੱਸਣ ਵਾਸਤੇ ਕਿ ਇਹ ਵਿਅਕਤੀ ਲਾਪਤਾ ਹੈ ਅਤੇ ਸੰਭਵ ਹੈ ਕਾਰਡ ਵਰਤੇ, ਪੁਲਿਸ ਦੇ ਨਾਲ ਗੱਲ ਕਰੋ। ਸੰਭਵ ਹੈ ਕਿ ਕ੍ਰੈਡਿਟ ਕਾਰਡਾਂ ਦੀ ਵਰਤੋਂ ਨੂੰ ਟਰੈਕ ਕਰਨ ਨਾਲ ਵਿਅਕਤੀ ਦਾ ਪਤਾ ਲਗਾਉਣ ਵਿੱਚ ਮਦਦ ਮਿਲੇ।

## ਝਟਪਟ ਤਲਾਸ਼ ਕਰੋ

1. ਘਰ ਦੇ ਅੰਦਰ ਦੇਖੋ:
   - ✓ ਬੈਡਰੂਮ,ਅਲਮਾਰੀਆਂ ਅਤੇ ਪਲੰਗ ਦੇ ਥੱਲੇ ਸਮੇਤ
   - ✓ ਬਾਥਰੂਮ
   - ✓ ਬੇਸਮੈਂਟ,ਅਸਾਨੀ ਦੇ ਨਾਲ ਅੰਦਰ ਵੜ ਸਕਣ ਵਾਲੀਆਂ ਥਾਵਾਂ ਸਮੇਤ
   - ✓ ਗੈਰੇਜ ,ਜੇ ਇਹ ਘਰ ਦੇ ਨਾਲ ਜੁੜਿਆ ਹੋਇਆ ਜਾਂ ਘਰ ਦੇ ਨੇੜੇ ਹੈ
2. ਦੇਖੋ ਜੇ ਕੋਈ ਚੀਜ਼ਾਂ ਜਿਵੇਂ ਕਿ ਸਮਾਨ, ਕਾਰ ਦੀਆਂ ਚਾਬੀਆਂ ਜਾਂ ਕ੍ਰੈਡਿਟ ਕਾਰਡ ਗਾਇਬ ਹਨ। ਸੰਭਵ ਹੈ ਇਹ ਸੁਰਾਗ ਦੇ ਸਕਣ ਕਿ ਉਹ ਕਿਥੇ ਹਨ।
3. ਆਪਣੇ ਘਰ ਦੇ ਬਾਹਰ ਆਸੇ ਪਾਸੇ ਦੇਖੋ – ਇਹ ਤਾਂ ਹੀ ਕਰੋ ਜੇ ਤੁਹਾਡਾ ਯਾਰਡ ਘੇਰਿਆ ਹੋਇਆ ਹੈ। ਜੇ ਤੁਸੀਂ ਦਿਹਾਤੀ ਇਲਾਕੇ ਵਿੱਚ ਰਹਿੰਦੇ ਹੋ,ਆਪਣੇ ਆਪ ਤਲਾਸ਼ ਨਾ ਕਰੋ। ਸੰਭਵ ਹੈ ਕਿ ਤੁਸੀਂ ਆਪਣੇ ਆਪ ਨੂੰ ਖਤਰੇ ਵਿੱਚ ਪਾ ਲਓ ਅਤੇ ਪੁਲਿਸ ਵਾਸਤੇ ਤਲਾਸ਼ ਨੂੰ ਜਟਿਲ ਬਣਾ ਦਿਓ।

*Adapted from materials developed by Alzheimer Society British Columbia.*